# ਇੰਦਰਾ ਗਾਂਧੀ ਰਾਸ਼ਟਰੀ ਮੁਕਤ ਵਿਸ਼ਵਵਿਦਿਆਲਾ

## ਖੇਤਰੀ ਕੇਂਦਰ, ਖੰਨਾ

## ਚੌਕਸੀ ਜਾਗਰੂਕਤਾ ਹਫਤਾ 2025 (27 ਅਕਤੂਬਰ - 2 ਨਵੰਬਰ 2025)

## (Vigilance Awareness Week)

### ਚੌਕਸੀ: ਸਾਡੀ ਸਾਂਝੀ ਜਿੰਮੇਵਾਰੀ

### Vigilance: Our Shared Responsibility

### ਇਗਨੂੰ ਖੇਤਰੀ ਕੇਂਦਰ, ਖੰਨਾ ਦੇ ਸਾਰੇ ਵਿਦਿਆਰਥੀਆਂ ਨੂੰ ਭ੍ਰਿਸ਼ਟਾਚਾਰ ਵਿਰੁੱਧ ਜਾਗਰੂਕਤਾ ਲਈ ਦਿਸ਼ਾ-ਨਿਰਦੇਸ਼

### Guidelines for IGNOU learners for vigilance against corruption

1. ਇਗਨੂੰ ਖੇਤਰੀ ਕੇਂਦਰ, ਖੰਨਾ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਤੁਸੀਂ ਇਗਨੂੰ ਬਾਰੇ ਜਾਣਕਾਰੀ ਪੰਜਾਬ ਵਿਚ ਸਥਿਤ ਖੇਤਰੀ ਕੇਂਦਰ, ਖੰਨਾ ਅਤੇ ਇਸਦੇ ਦਾਇਰੇ ਅਧੀਨ ਆਉਂਦੇ ਅਧਿਐਨ ਕੇਂਦਰਾਂ ਤੋਂ ਹੀ ਜਾਣਕਾਰੀ ਪ੍ਰਾਪਤ ਕਰ ਸਕਦੇ ਹੋ, ਕਿਉਂਕਿ ਇਨ੍ਹਾਂ ਦੁਆਰਾ ਦਿੱਤੀ ਜਾਣਕਾਰੀ ਹੀ ਸਹੀ ਅਤੇ ਸਪਸ਼ੱਟ ਹੁੰਦੀ ਹੈ। ਇਨ੍ਹਾਂ ਅਧਿਐਨ ਕੇਂਦਰਾਂ ਦੀ ਸੂਚੀ ਖੇਤਰੀ ਕੇਂਦਰ, ਖੰਨਾ ਦੀ ਵੈਬਸਾਈਟ (rckhanna.ignou.ac.in) ਤੇ ਉਪਲੱਭਧ ਹੈ।

2. ਜੇਕਰ ਤੁਸੀਂ ਇਗਨੂੰ ਦੇ ਕਿਸੇ ਵੀ ਪ੍ਰੋਗਰਾਮ ਵਿਚ ਦਾਖਲਾ ਲੈਂਦੇ ਹੋ ਤਾਂ ਸਭ ਤੋਂ ਪਹਿਲਾਂ ਇਗਨੂੰ ਦਾ ਪ੍ਰਾਸਪੈਕਟਸ ਵੈਬਸਾਈਟ (www.ignou.ac.in) ਤੋਂ ਡਾਉਨਲੋਡ ਕਰੋ।

3. ਜੇਕਰ ਤੁਸੀਂ ਇੰਟਰਨੈੱਟ ਕੈਫੇ ਤੇ ਜਾ ਕੇ ਦਾਖਲਾ ਫਾਰਮ ਭਰ ਰਹੇ ਹੋ ਤਾਂ ਪ੍ਰਾਸਪੈਕਟਸ ਵਿਚ ਦਰਸਾਈ ਗਈ ਪ੍ਰੋਗਰਾਮ ਫੀਸ ਹੀ ਅਦਾ ਕਰੋ। ਜੇਕਰ ਤੁਹਾਡੇ ਕੋਲੋਂ ਕੋਈ ਵਾਧੂ ਫੀਸ ਮੰਗਦਾ/ਮੰਗਦੀ ਹੈ ਤਾਂ ਤੁਸੀਂ ਉਸਦਾ ਡੱਟ ਕੇ ਵਿਰੋਧ ਕਰੋ।

4. ਇਗਨੂੰ ਦੁਆਰਾ ਕੋਈ ਵੀ ਫੀਸ ਕੈਸ਼/ਨਕਦੀ ਵਿਚ ਨਹੀਂ ਲਈ ਜਾਂਦੀ ਕਿਉਂਕਿ ਇਗਨੂੰ ਦੇ ਸਾਰੇ ਦਾਖਲੇ ਆਨਲਾਈਨ ਅਪਲਾਈ ਹੁੰਦੇ ਹਨ, ਜੋ ਕਿ ਸਮਰਥ ਪੋਰਟਲ ਰਾਹੀਂ ਤੁਸੀਂ ਅਪਲਾਈ ਕਰ ਸਕਦੇ ਹੋ।

5. ਵਧੇਰੇ ਜਾਣਕਾਰੀ ਲਈ ਤੁਸੀਂ ਇਗਨੂੰ ਖੇਤਰੀ ਕੇਂਦਰ, ਖੰਨਾ ਦੀ ਵੈਬਸਾਈਟ (rckhanna.ignou.ac.in) ਤੇ ਜਾ ਸਕਦੇ ਹੋ, ਜਿਸ ਉੱਤੇ ਸਾਰੇ ਲਿੰਕ ਮੌਜੂਦ ਹਨ, ਜਿਵੇਂ ਕਿ- ਆਨਲਾਈਨ ਦਾਖਲਾ, ਰੀ-ਰਜਿਸਟ੍ਰੇਸ਼ਨ, ਆਨਲਾਈਨ ਪ੍ਰੀਖਿਆ ਫਾਰਮ, ਅਸਾਇਨਮੈਂਟ ਜਮ੍ਹਾਂ ਕਰਵਾਉਣ ਦੀ ਮਿਤੀ, ਆਦਿ।

6. ਵਧੇਰੇ ਜਾਣਕਾਰੀ ਲਈ ਇਗਨੂੰ ਖੇਤਰੀ ਕੇਂਦਰ, ਖੰਨਾ ਦੁਆਰਾ ਦਿੱਤੇ ਗਏ ਈ-ਮੇਲ (inquirykhanna@gmail.com) ਅਤੇ ਫੋਨ ਨੰਬਰ (01628-22993, 01628-237361) ਤੇ ਆਪਣੀ ਪੜ੍ਹਾਈ ਸਬੰਧਤ ਕਿਸੇ ਵੀ ਪ੍ਰਕਾਰ ਦੀ ਜਾਣਕਾਰੀ ਲੈ ਸਕਦੇ ਹੋ।

7. ਜੇਕਰ ਤੁਸੀਂ ਅਸਾਇਨਮੈਂਟ ਸਬੰਧਤ ਕੋਈ ਜਾਣਕਾਰੀ ਲੈਣਾ ਚਾਹੁੰਦੇ ਹੋ, ਉਸਦੇ ਲਈ ਅਸੀਂ ਇੱਕ ਵੱਖਰਾ ਈ-ਮੇਲ ਆਈ.ਡੀ. (assignmentkhanna@gmail.com) ਵੀ ਬਣਾਇਆ ਹੈ।

8. ਜੇਕਰ ਤੁਸੀਂ ਪ੍ਰੀਖਿਆ ਫਾਰਮ (examination form) ਭਰਨ ਸਬੰਧੀ ਜਾਂ ਪ੍ਰੀਖਿਆ (examination) ਨਾਲ ਸਬੰਧਤ ਕੋਈ ਜਾਣਕਾਰੀ ਹਾਸਲ ਕਰਨਾ ਚਾਹੁੰਦੇ ਹੋ ਤਾਂ ਇਸ ਈ-ਮੇਲ ਆਈ.ਡੀ. (rrexam22@gmail.com) ਤੇ ਲਿਖੋ।

9. ਅਧਿਐਨ ਸਮਗਰੀ ਦੀ ਵਿਸਤ੍ਰਿਤ ਜਾਣਕਾਰੀ ਲਈ ਦਿੱਤੇ ਗਏ ਅਸਾਇਨਮੈਂਟਾਂ ਨੂੰ ਨਿਯਤ ਮਿਤੀ ਦੇ ਅਧਾਰ ਤੇ ਆਪਣੇ ਹੱਥੀਂ ਲਿਖੋ, ਜਿਸ ਦੇ ਨਾਲ ਤੁਹਾਨੂੰ ਪ੍ਰੀਖਿਆ ਦੇਣ ਸਮੇਂ ਕਿਸੇ ਵੀ ਪ੍ਰਕਾਰ ਦੀ ਮੁਸ਼ਕਲ ਪੇਸ਼ ਨਹੀਂ ਆਵੇਗੀ ਅਤੇ ਬਜਾਰ ਵਿਚ ਬਣੇ-ਬਣਾਏ ਅਸਾਇਨਮੈਂਟ ਪ੍ਰਾਪਤ ਕਰਨ ਦੇ ਝਾਂਸੇ ਵਿਚ ਨਾ ਆਵੋ।

10. ਇਸ ਤੋਂ ਇਲਾਵਾ ਜੇਕਰ ਤੁਹਾਨੂੰ ਪੜ੍ਹਾਈ ਸਬੰਧੀ ਕਿਸੇ ਵੀ ਪ੍ਰਕਾਰ ਦੀ ਮੁਸ਼ਕਲ ਆ ਰਹੀ ਹੈ ਤਾਂ ਤੁਸੀਂ ਖੇਤਰੀ ਕੇਂਦਰ, ਖੰਨਾ ਵੱਲੋਂ ਹਰ ਵੀਰਵਾਰ (ਸ਼ਾਮ 4 ਵਜੇ) ਲਗਾਏ ਜਾ ਰਹੇ ਆਨਲਾਈਨ ਸਮੱਸਿਆ ਨਿਵਾਰਣ ਕੈਂਪ (**meet.google.com/rnx-sryi-apn**) ਵਿਚ ਹਿੱਸਾ ਲੈ ਕੇ ਆਪਣੀ ਸਮੱਸਿਆ ਦਾ ਹੱਲ ਤੁਰੰਤ ਪ੍ਰਾਪਤ ਕਰ ਸਕਦੇ ਹੋ।

11. ਸਮੇਂ-ਸਮੇਂ ਤੇ ਖੇਤਰੀ ਕੇਂਦਰ, ਖੰਨਾ ਦੀ ਵੈਬਸਾਈਟ ਅਤੇ ਸੋਸ਼ਲ ਮੀਡਿਆ ਪਲੇਟਫਾਰਮ (ਫੇਸਬੁੱਕ, ਐਕਸ., ਇੰਸਟਾਗ੍ਰਾਮ, ਯੂ-ਟਿਊਬ, ਆਦਿ) ਨੂੰ ਵਿਜ਼ਟ ਕਰੋ, ਜਿਸ ਦੇ ਲਿੰਕ ਹੇਠਾਂ ਉਪਲੱਬਧ ਹਨ:

**Facebook**: www.facebook.com/ignou.rckhanna
**X**: www.twitter.com/ignourckhanna
**Instagram**: www.instagram.com/ignourckhanna/
**YouTube**: www.youtube.com/channel/UCLOKEx3Qek9LwSvyClx5j-Q
**Website**: www.rckhanna.ignou.ac.in